ਨੰ: 1/9(ਸ.ਯ-2010-11)ਪਸਪਬ-ਖੋ.ਅ(ਪੀ.ਸੀ-2)/2009/9068

**ਪੰਜਾਬ ਸਰਕਾਰ**
**ਯੋਜਨਾਬੰਦੀ ਵਿਭਾਗ**
**(ਯੋਜਨਾ ਤਾਲਮੇਲ ਸ਼ਾਖਾ)**

ਸੇਵਾ ਵਿਖੇ

ਸਾਰੇ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ,(ਪਲਾਨ ਨਾਲ ਸਬੰਧਤ),
(ਨਾਲ ਨੱਥੀ ਸੂਚੀ ਅਨੁਸਾਰ)।

ਮਿਤੀ 9-10-09

**ਵਿਸ਼ਾ : ਸਲਾਨਾ ਯੋਜਨਾ 2010-11 ਬਣਾਉਣ ਸਬੰਧੀ।**

ਸ੍ਰੀਮਾਨ/ਸ੍ਰੀਮਤੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ।

2. ਡਿਪਟੀ ਚੇਅਰਮੈਨ, ਯੋਜਨਾ ਕਮਿਸ਼ਨ, ਭਾਰਤ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਜੀ ਦਰਮਿਆਨ ਸਲਾਨਾ ਯੋਜਨਾ 2010-11 ਦਾ ਆਕਾਰ ਅੰਤਿਮ ਕਰਨ ਸਬੰਧੀ ਮੀਟਿੰਗ ਮਹੀਨਾ ਦਸੰਬਰ 2009 ਵਿੱਚ ਹੋਣ ਦੀ ਸੰਭਾਵਨਾ ਹੈ। ਇਸ ਲਈ ਸਲਾਨਾ ਯੋਜਨਾ 2010-11 ਨੂੰ ਤਿਆਰ ਕਰਨ ਸਬੰਧੀ ਲੋੜੀਦੀ ਕਾਰਵਾਈ ਤੁਰੰਤ ਸ਼ੁਰੂ ਕਰਨ ਦੀ ਲੋੜ ਹੈ ਤਾਂ ਜੋ ਉਪਰੋਕਤ ਮੀਟਿੰਗ ਨਿਸ਼ਚਿਤ ਹੋਣ ਤੋ ਪਹਿਲਾ ਸਾਰੀ ਯੋਜਨਾ ਪ੍ਰਕ੍ਰਿਆ ਮੁਕੰਮਲ ਕੀਤੀ ਜਾ ਸਕੇ।

3. ਸਾਲਾਨਾ ਯੋਜਨਾ 2010-11 ਸਬੰਧੀ ਤਜਵੀਜਾਂ ਤਿਆਰ ਕਰਦੇ ਸਮੇਂ ਹੇਠ ਦਰਸਾਏ ਨੁੱਕਤੇ ਧਿਆਨ ਵਿੱਚ ਰੱਖੇ ਜਾਣ।

1. ਕਮਿਟਡ ਦੇਣਦਾਰੀਆਂ ਜਿਵੇ ਕਿ ਤਨਖਾਹਾਂ, ਕੋਰਟ ਕੇਸ, ਭੂਮੀ ਗ੍ਰਹਿਣ, ਪੈਨਸ਼ਨਾਂ, ਏ.ਸੀ.ਏ/ਇੱਕ ਸਮਾਂ ਏ.ਸੀ.ਏ, 12ਵਾਂ ਵਿੱਤ ਕਮਿਸ਼ਨ, ਏ.ਆਂਈ.ਬੀ.ਪੀ/ਏ.ਪੀ.ਡੀ.ਆਰ.ਪੀ,ਕੇਂਦਰੀ ਪ੍ਰਯੋਜਿਤ ਸਕੀਮਾਂ ਦਾ ਰਾਜ ਹਿੱਸਾ, ਨਾਬਾਰਡ ਅਤੇ ਬਾਹਰੀ ਸਹਾਇਤਾ ਪ੍ਰਜੈਕਟਾਂ ਲਈ ਐਲੋਕੇਸ਼ਨ ਨੂੰ ਪਰਮ ਅਗੇਤ ਦਿੱਤੀ ਜਾਵੇ।

2. ਨਵੇ ਪ੍ਰਾਜੈਕਟ/ਸਕੀਮਾਂ ਜੋ ਕਿ ਬਾਹਰੀ ਸਹਾਇਤਾ, ਵਿੱਤੀ ਸੰਸਥਾਵਾਂ ਅਤੇ ਪਬਲਿਕ ਪ੍ਰਾਈਵੇਟ ਪ੍ਰਾਟਨਰਸ਼ਿਪ(ਪੀ.ਪੀ.ਪੀ) ਮੋਡ ਆਦਿ ਰਾਹੀ ਫੰਡਿਡ ਕੀਤੀਆਂ ਜਾ ਸਕਣ, ਨੂੰ ਪਹਿਲਤਾ ਦਿੱਤੀ ਜਾਵੇ ਤਾਂ ਜੋ ਰਾਜ ਦੇ ਸਾਧਨਾਂ ਨੂੰ ਸਪਲੀਮੈਂਟ ਕੀਤਾ ਜਾ ਸਕੇ।

3. ਇਹ ਪਾਇਆ ਗਿਆ ਹੈ ਕਿ ਕੇਂਦਰੀ ਪ੍ਰਯੋਜਿਤ ਸਕੀਮਾਂ/ਕੇਂਦਰੀ ਸੈਕਟਰ ਸਕੀਮਾਂ ਜਿਨ੍ਹਾਂ ਤਹਿਤ ਬਹੁਤ ਘੱਟ/ਕੋਈ ਫੰਡਜ਼ ਰਾਜ ਸਰਕਾਰ ਦੁਆਰਾ ਪ੍ਰਾਪਤ ਨਹੀ ਕੀਤੇ ਜਾ ਸਕੇ, ਦੀ ਗਿਣਤੀ ਕਾਫੀ ਹੈ।ਭਾਰਤ ਸਰਕਾਰ ਦੇ ਕੇਦਰੀ ਬਜਟ ਨੂੰ ਘੋਖਣ ਉਪਰੰਤ ਅਜਿਹੀਆਂ ਨਵੀਆਂ ਕੇਦਰੀ ਪ੍ਰਯੋਜਿਤ ਸਕੀਮਾਂ/ਕੇਦਰੀ ਸੈਕਟਰ ਸਕੀਮਾਂ ਨੂੰ ਸ਼ਾਮਲ ਕਰਨ ਸਬੰਧੀ ਉਪਰਾਲੇ ਕੀਤੇ ਜਾਣ।

4. ਭਾਰਤ ਸਰਕਾਰ ਦੁਆਰਾ ਸਾਲ 2009-10 ਸਬੰਧੀ ਪ੍ਰਵਾਨ ਕੀਤੀ/ ਪ੍ਰਵਾਨ ਕੀਤੀ ਜਾਣ ਵਾਲੀ ਵਰਕ ਪਲਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਂਦਰੀ ਪ੍ਰਯੋਜਿਤ ਸਕੀਮਾਂ/ਕੇਂਦਰੀ ਸੈਕਟਰ ਸਕੀਮਾਂ ਅਧੀਨ ਉਪਬੰਧ ਤਜਵੀਜ ਕੀਤੇ ਜਾਣ।

5. ਉਨਾਂ ਪ੍ਰਜੈਕਟਾਂ/ਸਕੀਮਾਂ ਨੂੰ ਪਹਿਲਤਾ ਦਿੱਤੀ ਜਾਵੇ ਜੋ ਕਿ ਉੱਚ ਮਹੱਤਤਾ ਵਾਲੇ ਹੋਣ ਅਤੇ ਮੁਕੰਮਲ ਹੋਣ ਦੇ ਨੇੜੇ ਹੋਣ ਤਾਂ ਜੋ ਵਾਧੂ ਲਾਗਤ ਖਰਚੇ ਤੋ ਬਚਿਆ ਜਾ ਸਕੇ।

6. ਰੋਜਗਾਰ ਪੈਦਾ ਕਰਨ ਅਤੇ ਹੁਨਰ ਵਿਕਾਸ ਪ੍ਰੋਗਰਾਮਾਂ/ਸਕੀਮਾਂ ਜਿਨਾਂ ਤਹਿਤ ਔਰਤਾਂ ਨੂੰ ਅਖਤਿਆਰ ਦੇਣ ਸਬੰਧੀ ਖਾਸ ਜੋਰ ਦਿੱਤਾ ਗਿਆ ਹੋਵੇ, ਖਾਸ ਧਿਆਨ ਦੇਣ ਦੀ ਲੋੜ ਹੈ।

7. ਪੜ੍ਹਾਈ, ਸਿਹਤ, ਸੈਨੀਟੇਸ਼ਨ ਵਾਤਾਵਰਣ ਸੁਧਾਰ ਅਤੇ ਰੋਜਗਾਰ ਪੈਦਾ ਕਰਨ ਵਾਲੇ ਪ੍ਰੋਗਰਾਮ ਵਿਸ਼ੇਸ ਤੋਰ ਤੇ ਜੋ ਕਿ ਸੁਸਾਇਟੀ ਦੇ ਕਮਜੋਰ ਵਾਰਗਾ ਲਈ ਹੋਣ, ਵੱਲ ਖਾਸ ਧਿਆਨ ਦਿੱਤਾ ਜਾਵੇ ਤਾਂ ਜੋ ਰਾਜ ਸਰਕਾਰ ਦੁਆਰਾ ਐਸ.ਸੀ.ਐਸ.ਪੀ ਲਈ ਇਨਾ ਦੀ ਅਬਾਦੀ ਅਨੁਸਾਰ ਫੰਡਜ਼ ਐਲੋਕੇਟ ਕੀਤੇ ਜਾ ਸਕਣ।

8. ਨਵੀਆਂ ਸਕੀਮਾਂ ਘੱਟ ਤੋ ਘੱਟ ਸਾਮਲ ਕੀਤੀਆ ਜਾਣ ਅਤੇ ਇਹ ਸਕੀਮਾਂ ਮੋਜੂਦਾ ਚੱਲ ਰਹੀਆਂ ਅਜਿਹੀਆਂ ਸਕੀਮਾਂ ਨੂੰ ਬੰਦ ਕਰਕੇ ਸੁਰੂ ਕੀਤੀਆ ਜਾਣ ਜੋ ਕਿ ਆਪਣੀ ਯੂਟੀਲਟੀ ਪੂਰੀ ਕਰ ਚੁੱਕੀਆ ਹੋਣ।

9. ਨਵੇਂ ਸਟਾਫ ਦੀ ਰਚਨਾ ਕਰਨ ਸਬੰਧੀ ਤਜਵੀਜਾਂ ਘੱਟ ਤੋ ਘੱਟ ਭੇਜੀਆ ਜਾਣ। ਨਾ ਟਾਲਣ ਯੋਗ ਹਾਲਾਤਾ ਵਿੱਚ ਅਜਿਹੀਆਂ ਪ੍ਰਪੋਜਲਾ ਸਟਰਕਚਰਿੰਗ/ਰੀਇੰਪਲਾਈਮੈਂਟ ਆਫ ਸਟਾਫ ਸਬੰਧੀ ਰਾਜ ਸਰਕਾਰ ਦੁਆਰਾ ਜਾਰੀ ਹਦਾਇਤਾ ਨੂੰ ਘੋਖਣ ਉਪਰੰਤ ਪੂਰੀ ਜਸ਼ਟੀਫਿਕੇਸ਼ਨ ਸਮੇਤ ਭੇਜੀਆ ਜਾਣ।

10. ਵਿਭਾਗਾਂ ਦੇ ਮੁੱਖੀਆਂ ਦੁਆਰਾ ਸਿੱਧੇ ਤੋਰ ਤੇ ਭੇਜੀਆਂ ਗਈਆਂ ਤਜਵੀਜਾਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਇਸ ਲਈ ਆਪ ਜੀ ਦੇ ਅਧੀਨ ਆਉਦੇ ਵਿਭਾਗਾਂ ਦੇ ਮੁੱਖੀਆਂ ਨੂੰ ਆਪਣੀਆਂ ਤਜਵੀਜਾਂ ਸਬੰਧਤ ਪ੍ਰਬੰਧਕੀ ਵਿਭਾਗਾਂ ਦੀ ਮਾਰਫਤ ਭੇਜਣ ਸਬੰਧੀ ਆਖਿਆ ਜਾਵੇ।

4. ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਲਾਨਾ ਯੋਜਨਾ 2010-11 ਸਬੰਧੀ ਤਜਵੀਜਾਂ ਦੀਆਂ 10 ਕਾਪੀਆਂ ਅਗਰੇਜੀ ਅਤੇ ਪੰਜਾਬੀ ਵਿੱਚ ਨਾਲ ਨੱਥੀ ਅਨੁਲੱਗ 1 ਅਤੇ 2 ਵਿੱਚ ਭਰਕੇ ਅਤੇ ਵਿਸਤਰਿਤ ਲਿਖਤੀ ਭਾਗ ਯੋਜਨਾ ਵਿਭਾਗ ਨੂੰ ਮਿਤੀ 30/10/2009 ਤੱਕ ਭੇਜਿਆ ਜਾਵੇ।

ਵਿਸ਼ਵਾਸਪਾਤਰ

(ਸ਼ਤੀਸ਼ ਚੰਦਰਾ)
ਸਕੱਤਰ ਯੋਜਨਾ

ਪਿੱ ਅੰ ਨੰ:1/9(ਸ.ਯ-2010-11)ਪਸਪਬ-ਖੋ.ਅ(ਪੀ.ਸੀ-2)/2009/9069ਮਿਤੀ 9-10-09

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ

ਪਿੱ ਅੰ ਨੰ:1/9(ਸ.ਯ-2010-11)ਪਸਪਬ-ਖੋ.ਅ(ਪੀ.ਸੀ-2)/2009/9070 ਮਿਤੀ 9-10-09

ਇਸ ਦਾ ਇੱਕ ਉਤਾਰਾ ਸਾਰੇ ਵਿਭਾਗਾਂ ਦੇ ਮੁੱਖੀਆਂ (ਯੋਜਨਾ ਨਾਲ ਸਬੰਧਤ) ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ

ਪਿੱ ਅੰ ਨੰ:1/9(ਸ.ਯ-2010-11)ਪਸਪਬ-ਖੋ.ਅ(ਪੀ.ਸੀ-2)/2009/9071 ਮਿਤੀ 9-10-09

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ/ਵਿੱਤ ਮੰਤਰੀ ਜੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ

ਪਿੱ ਅੰ ਨੰ:1/9(ਸ.ਯ-2010-11)ਪਸਪਬ-ਖੋ.ਅ(ਪੀ.ਸੀ-2)/2009/9072 ਮਿਤੀ 9-10-09

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ/ ਮੁੱਖ ਸਕੱਤਰ ਜੀ ਨੂੰ ਮੁੱਖ ਸਕੱਤਰ ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ

ਪਿੱ ਅੰ ਨੰ:1/9(ਸ.ਯ-2010-11)ਪਸਪਬ-ਖੋ.ਅ(ਪੀ.ਸੀ-2)/2009/9073 ਮਿਤੀ 9-10-09

ਇਸ ਦਾ ਇੱਕ ਉਤਾਰਾ ਡਾਇਰੈਕਟਰ(ਕੇ) ਅਤੇ ਸਮੂਹ ਡਿਪਟੀ ਡਾਇਰੈਕਟਰਜ਼ ਪੰਜਾਬ ਰਾਜ ਯੋਜਨਾ ਬੋਰਡ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।ਬੇਨਤੀ ਕੀਤੀ ਜਾਂਦੀ ਹੈ ਕਿ ਯੋਜਨਾ ਤਜਵੀਜਾਂ ਸਬੰਧਤ ਪ੍ਰਬੰਧਕੀ ਵਿਭਾਗਾਂ ਤੋ ਨਿਸ਼ਚਿਤ ਮਿਤੀ ਤੱਕ ਪ੍ਰਾਪਤ ਕਰਨੀਆਂ ਯਕੀਨੀ ਬਣਾਈਆਂ ਜਾਣ।

ਡਾਇਰੈਕਟਰ

ਕਾਪੀ ਵੱਲ :

1. ਨਿੱਜੀ ਸਕੱਤਰ/ ਸਕੱਤਰ ਯੋਜਨਾ ।
2. ਨਿੱਜੀ ਸਹਾਇਕ/ ਵਿਸ਼ੇਸ ਸਕੱਤਰ ਯੋਜਨਾ ।
3. ਆਰਥਿਕ ਸਲਾਹਕਾਰ ਪੰਜਾਬ ਸਰਕਾਰ।
4. ਸੁਪਰਡੰਟ ਯੋਜਨਾ।